# ਜਨਤਕ ਸੁਰੱਖਿਆ ਲਈ ਬਿਜਲੀ ਬੰਦ ਕਰਨਾ (Public Safety Power Shutoff)

ਤੁਹਾਨੂੰ ਅਤੇ ਤੁਹਾਡੇ ਭਾਈਚਾਰੇ ਨੂੰ ਜੰਗਲ ਦੀ ਅੱਗ ਤੋਂ ਸੁਰੱਖਿਅਤ ਰੱਖਣਾ


## ਜਨਤਕ ਸੁਰੱਖਿਆ ਲਈ ਬਿਜਲੀ ਬੰਦ ਕਰਨਾ (Public Safety Power Shutoffs, PSPS) ਕੀ ਹੈ।

ਕਿਉਂਕਿ ਤੇਜ਼ ਹਵਾਵਾਂ ਦਰੱਖਤਾਂ ਅਤੇ ਮਲਬੇ ਨੂੰ ਬਿਜਲੀ ਦੀਆਂ ਤਾਰਾਂ ਨਾਲ ਜੋੜ ਸਕਦੀਆਂ ਹਨ ਅਤੇ ਜੰਗਲ ਦੀ ਅੱਗ ਸ਼ੁਰੂ ਕਰ ਸਕਦੀਆਂ ਹਨ, ਇਸ ਲਈ ਸਾਨੂੰ ਤੁਹਾਡੇ ਭਾਈਚਾਰੇ ਦੀ ਰੱਖਿਆ ਲਈ ਬਿਜਲੀ ਬੰਦ ਕਰਨ ਦੀ ਲੋੜ ਹੋ ਸਕਦੀ ਹੈ। ਇਸਨੂੰ ਜਨਤਕ ਸੁਰੱਖਿਆ ਲਈ ਬਿਜਲੀ ਬੰਦ ਕਰਨਾ, ਜਾਂ PSPS ਕਿਹਾ ਜਾਂਦਾ ਹੈ।

**ਸੁਰੱਖਿਆ ਸਾਡੀ ਸਭ ਤੋਂ ਮਹੱਤਵਪੂਰਨ ਜ਼ਿੰਮੇਵਾਰੀ ਹੈ। ਗਾਹਕਾਂ ਨੂੰ ਸੁਰੱਖਿਅਤ ਰੱਖਣ ਲਈ PSPS ਇੱਕ ਆਖਰੀ ਉਪਾਅ ਬਣਿਆ ਹੋਇਆ ਹੈ।**

## PSPS ਬਾਰੇ ਕਿਵੇਂ ਸੂਚਨਾ ਪ੍ਰਾਪਤ ਕੀਤੀ ਜਾਵੇ

ਅਸੀਂ ਮੌਸਮ ਬਾਰੇ ਜੋ ਜਾਣਦੇ ਹਾਂ ਉਹ ਜਿੰਨੀ ਜਲਦੀ ਹੋ ਸਕੇ ਸਾਂਝਾ ਕਰਦੇ ਹਾਂ। ਸਾਡਾ ਟੀਚਾ PSPS ਤੋਂ ਇੱਕ ਜਾਂ ਦੋ ਦਿਨ ਪਹਿਲਾਂ ਤੁਹਾਨੂੰ ਸੂਚਿਤ ਕਰਨਾ ਹੈ।



**ਆਪਣੀ ਸੰਪਰ ਜਾਣਕਾਰੀ ਨੂੰ pge.com/myalerts 'ਤੇ ਜਾ ਕੇ ਅੱਪਡੇਟ ਕਰੋ।**

ਅਸੀਂ ਤੁਹਾਨੂੰ ਤਿਆਰੀ ਕਰਨ ਵਿੱਚ ਮਦਦ ਕਰਨ ਲਈ ਕਾਲ, ਟੈਕਸਟ ਅਤੇ ਈਮੇਲ ਰਾਹੀਂ ਅੱਪਡੇਟ ਅਤੇ ਅਨੁਮਾਨਿਤ ਬਹਾਲੀ ਦੇ ਸਮੇਂ ਸਾਂਝੇ ਕਰਨ ਲਈ PSPS ਦੌਰਾਨ ਸੂਚਿਤ ਕਰਾਂਗੇ।

**ਹੋਰ ਜਾਣੋ**

ਤਿਆਰ ਰਹਿਣ ਦਾ ਤਰੀਕਾ ਸਿੱਖਣ ਲਈ, **pge.com/pspsresources** 'ਤੇ ਜਾਓ ਜਾਂ **1-866-743-6589**'ਤੇ ਕਾਲ ਕਰੋ।


ਉਪਲਬਧ ਸਰੋਤਾਂ ਬਾਰੇ ਜਾਣਨ ਲਈ ਉਲਟਾ ਵੇਖੋ

# PSPS ਦੌਰਾਨ ਸਹਾਇਤਾ ਲੱਭੋ

ਆਪਣੀਆਂ ਬਿਜਲੀ ਕੱਟਣ ਦੀਆਂ ਜ਼ਰੂਰਤਾਂ ਬਾਰੇ ਲਾਈਵ ਏਜੰਟ ਨਾਲ ਗੱਲ ਕਰਨ ਲਈ 211 California ਨਾਲ ਸੰਪਰਕ ਕਰੋ। **211 ਡਾਇਲ ਕਰੋ**, “PREPARE” **211-211** ‘ਤੇ **ਟੈਕਸਟ ਕਰੋ** ਜਾਂ **pge.com/211** ’ਤੇ ਜਾਓ।

**ਇੱਕ 211 ਕੇਅਰ ਕੋਆਰਡੀਨੇਟਰ ਤੁਹਾਡੀ ਮਦਦ ਕਰ ਸਕਦਾ ਹੈ:**

- ✓ ਸਥਾਨਕ ਹੋਟਲ ਵਿਕਲਪਾਂ ਅਤੇ ਕਾਰ ਸਵਾਰੀਆਂ ਨਾਲ ਜੁੜਨ ਲਈ
- ✓ ਸੁਰੱਖਿਅਤ ਭੋਜਨ ਬਦਲ ਲਈ
- ✓ ਸਿਹਤ ਅਤੇ ਸੁਰੱਖਿਆ ਪ੍ਰੋਗਰਾਮਾਂ ਅਤੇ ਬੈਕਅੱਪ ਪਾਵਰ ਦਾ ਹਵਾਲਾ ਪ੍ਰਾਪਤ ਕਰਨ ਲਈ




**ਸਾਡਾ ਜੰਗਲੀ ਅੱਗ ਸੁਰੱਖਿਆ ਪ੍ਰਗਤੀ ਨਕਸ਼ਾ ਦਰਸਾਉਂਦਾ ਹੈ ਕਿ ਅਸੀਂ ਕਿਵੇਂ ਇੱਕ ਮਜ਼ਬੂਤ, ਵਧੇਰੇ ਭਰੋਸੇਮੰਦ ਸਿਸਟਮ ਬਣਾ ਰਹੇ ਹਾਂ ਅਤੇ ਤੁਹਾਡੇ ਨੇੜੇ ਕਟੌਤੀ ਪ੍ਰਭਾਵਾਂ ਨੂੰ ਘਟਾ ਰਹੇ ਹਾਂ। ਔਨਲਾਈਨ ਨਕਸ਼ਾ ਦਿਖਾਉਂਦਾ ਹੈ:**

- ਬਿਜਲੀ ਕੱਟੇ ਜਾਣ ਦਾ ਆਕਾਰ ਅਤੇ ਲੰਬਾਈ ਘਟਾਉਣ ਦੇ ਉਪਾਅ
- ਮਾਈਕ੍ਰੋਗ੍ਰਿੱਡ
- ਖ਼ਤਰੇ ਦੀ ਰੋਕਥਾਮ ਦਾ ਕੰਮ
- ਭੂਮੀਗਤ ਪ੍ਰੋਜੈਕਟ

ਅੱਜ ਹੀ ਆਪਣਾ ਪਤਾ ਲੱਭੋ। **pge.com/progressmap** ’ਤੇ ਜਾਓ।

240+ ਭਾਸ਼ਾਵਾਂ ਵਿੱਚ ਅਨੁਵਾਦ ਸਹਾਇਤਾ ਲਈ, ਜਾਂ ਬ੍ਰੇਲ, ਵੱਡੇ ਪ੍ਰਿੰਟ ਜਾਂ ਆਡੀਓ ਵਿੱਚ ਪ੍ਰਿੰਟ ਸਮੱਗਰੀਆਂ ਦੀ ਬੇਨਤੀ ਕਰਨ ਲਈ, **1-800-743-5000** ’ਤੇ ਕਾਲ ਕਰੋ।

ਗਾਹਕਾਂ ਦੁਆਰਾ ਸੁਨੇਹੇ ਦਾ ਭੁਗਤਾਨ ਕੀਤਾ ਗਿਆ।

“PG&E” Pacific Gas and Electric Company ਨੂੰ ਦਰਸਾਉਂਦਾ ਹੈ, ਜੋ PG&E ਕਾਰਪੋਰੇਸ਼ਨ ਦੀ ਇੱਕ ਸਹਾਇਕ ਕੰਪਨੀ ਹੈ। ©2026 Pacific Gas and Electric Company. ਸਾਰੇ ਹੱਕ ਰਾਖਵੇਂ ਹਨ। CCC-0326-6463. 03/05/2026.